# "BUILDING A BETTER B.C."

## ਬਜਟ 2017 ਅਪਡੇਟ



**ਬਜਟ 2017 ਅਪਡੇਟ ਬ੍ਰਿਟਿਸ਼ ਕੋਲੰਬੀਆ ਲਈ ਇਕ ਨਵੇਂ ਸੁਫਨੇ ਦੀ ਨੁਮਾਇੰਦਗੀ ਕਰਦਾ ਹੈ। ਇਸ ਬੈਲੇਂਸਡ ਬਜਟ ਅਪਡੇਟ ਵਿਚ ਅਜਿਹੀਆਂ ਚੋਣਾਂ ਸ਼ਾਮਲ ਹਨ ਜਿਹੜੀਆਂ ਸਾਡੇ ਸੂਬੇ ਵਿਚ ਹਰ ਇਕ ਲਈ ਜ਼ਿੰਦਗੀ ਨੂੰ ਜ਼ਿਆਦਾ ਵਾਰਾ ਖਾਣ ਯੋਗ ਬਣਾਉਂਦੀਆਂ ਅਤੇ ਸੇਵਾਵਾਂ ਵਿਚ ਸੁਧਾਰ ਕਰਦੀਆਂ ਹਨ। ਇਸ ਤਬਦੀਲੀ ਨੂੰ ਧਿਆਨ ਵਿਚ ਰੱਖਦੇ ਹੋਏ, ਸਾਡੀ ਸਰਕਾਰ ਲੋਕਾਂ ਵਿਚ ਪੂੰਜੀ-ਨਿਵੇਸ਼ ਕਰ ਰਹੀ ਹੈ ਜਿਹੜੇ ਸਾਡੀ ਇਕੌਨਮੀ ਨੂੰ ਨਵੀਨ ਅਤੇ ਵਧਦੀ ਰੱਖਦੇ ਹਨ।**

ਬ੍ਰਿਟਿਸ਼ ਕੋਲੰਬੀਆ ਦੀ ਆਰਥਿਕ ਸਥਿਤੀ ਹਾਂ-ਪੱਖੀ ਹੈ। ਇਸ ਹਾਂ-ਪੱਖੀ ਆਰਥਿਕ ਸਥਿਤੀ ਨੂੰ ਕਾਇਮ ਰੱਖਣ ਲਈ ਸਾਨੂੰ ਆਪਣੀ ਮਜ਼ਬੂਤ ਬੁਨਿਆਦ 'ਤੇ ਉਸਾਰੀ ਕਰਨ ਦੀ ਲੋੜ ਹੈ। ਇਹ ਬੁਨਿਆਦ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨਾਲ ਸ਼ੁਰੂ ਹੁੰਦੀ ਹੈ। ਅਜਿਹੀਆਂ ਇਨਵੈਸਟਮੈਂਟਾਂ ਕਰਕੇ, ਜਿਹੜੀਆਂ ਗਰੀਬੀ, ਸਿੱਖਿਆ, ਸਿਹਤ ਸੰਭਾਲ, ਅਤੇ ਵਾਤਾਵਰਣ ਦੀ ਬਰਕਰਾਰ ਰਹਿਣ ਯੋਗਤਾ ਵੱਲ ਤਵੱਜੋਂ ਦਿੰਦੀਆਂ ਹਨ, ਅਸੀਂ ਆਰਥਿਕ ਵਾਧੇ ਤੋਂ ਹਰ ਇਕ ਤੱਕ ਫਾਇਦਾ ਪਹੁੰਚਾਉਣ ਵਿਚ ਮਦਦ ਕਰ ਰਹੇ ਹਾਂ। ਬਜਟ 2017 ਅਪਡੇਟ ਵਿਚ ਨਿਸ਼ਾਨਾ ਬਣਾਈਆਂ ਗਈਆਂ ਇਨਵੈਸਟਮੈਂਟਾਂ ਉਨ੍ਹਾਂ ਲੋਕਾਂ ਦੀ ਮਦਦ ਕਰਦੀਆਂ ਹਨ ਜਿਹੜੇ ਸਾਡੀ ਇਕੌਨਮੀ ਵਿਚ ਵਾਧਾ ਕਰਦੇ ਹਨ ਤਾਂ ਜੋ ਅਸੀਂ ਲੰਮੇ ਸਮੇਂ ਲਈ ਬਰਕਰਾਰ ਰਹਿਣ ਯੋਗ ਵਾਧੇ ਨੂੰ ਕਾਇਮ ਰੱਖ ਸਕੀਏ।

ਇਹ ਬੈਲੇਂਸਡ ਬਜਟ ਲੋਕਾਂ ਵਿਚ ਪੂੰਜੀ-ਨਿਵੇਸ਼ ਕਰਕੇ ਸਾਡੀ ਇਕੌਨਮੀ ਨੂੰ ਮਜ਼ਬੂਤ ਕਰਦਾ ਹੈ।

ਅਸੀਂ ਲੋਕਾਂ ਨੂੰ ਲੋੜੀਂਦੀਆਂ ਸੇਵਾਵਾਂ ਵਿੱਚ ਸੁਧਾਰ ਕਰਕੇ ਅਤੇ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਜ਼ਿਆਦਾ ਵਾਰਾ ਖਾਣ ਯੋਗ ਬਣਾ ਕੇ ਲੋਕਾਂ ਨੂੰ ਸਭ ਤੋਂ ਅੱਗੇ ਰੱਖ ਰਹੇ ਹਾਂ।

ਲੋਕਾਂ ਵਿਚ ਪੂੰਜੀ-ਨਿਵੇਸ਼ ਕਰਨ ਦਾ ਮਤਲਬ ਮਜ਼ਬੂਤ, ਬਰਕਰਾਰ ਰਹਿਣ ਯੋਗ ਬ੍ਰਿਟਿਸ਼ ਕੋਲੰਬੀਆ ਵਿਚ ਪੂੰਜੀ-ਨਿਵੇਸ਼ ਕਰਨਾ ਹੈ ਜੋ ਕਿ ਸੂਬੇ ਭਰ ਵਿਚ ਚੰਗੀਆਂ ਜੌਬਾਂ ਪ੍ਰਦਾਨ ਕਰਦਾ ਹੈ।

ਇਹ ਚੋਣਾਂ ਪਹਿਲੇ ਕਦਮ ਹਨ ਜਿਹੜੇ ਸਾਡੀ ਸਰਕਾਰ ਬੀ.ਸੀ. ਨੂੰ ਬਿਹਤਰ ਬਣਾਉਣ ਲਈ ਚੁੱਕ ਰਹੀ ਹੈ।

Carole James

**ਔਨਰੇਬਲ ਕੈਰਲ ਜੇਮਜ਼**
ਵਿੱਤ ਮੰਤਰੀ ਅਤੇ ਡਿਪਟੀ ਪ੍ਰੀਮੀਅਰ

BRITISH COLUMBIA

ਇਹ ਲਿਖਤ ਵਾਤਾਵਰਣ ਪ੍ਰਤੀ ਚੇਤਨ ਐਲੀਮੈਂਟਲ ਕਲੋਰੀਨ ਮੁਕਤ ਪੇਪਰ 'ਤੇ ਛਾਪੀ ਗਈ ਸੀ, ਜਿਸ ਵਿਚ ਰੀਸਾਇਕਲਡ ਫਾਇਬਰ ਹੈ ਅਤੇ ਜਿਹੜਾ 100% ਰੀਸਾਇਕਲ ਕਰਨ ਯੋਗ ਹੈ। ਇਸ ਲਿਖਤ ਦੀ ਪ੍ਰੋਡਕਸ਼ਨ ਵਿਚ ਸੰਭਾਲ ਦੇ ਬਿਹਤਰ ਅਮਲ ਸ਼ਾਮਲ ਹਨ। ਕਿਰਪਾ ਕਰਕੇ ਇਸ ਨੂੰ ਘਟਾਉ, ਦੁਬਾਰਾ ਵਰਤੋ ਅਤੇ ਰੀਸਾਇਕਲ ਕਰੋ।

# ਜ਼ਿੰਦਗੀ ਨੂੰ ਜ਼ਿਆਦਾ ਵਾਰਾ ਖਾਣ ਯੋਗ ਬਣਾਉਣਾ

ਪੋਰਟ ਮੈਨ ਅਤੇ ਗੋਲਡਨ ਈਅਰਜ਼ ਬ੍ਰਿਜਾਂ ’ਤੇ **ਟੋਲਾਂ ਦਾ ਖਾਤਮਾ** 1 ਸਤੰਬਰ ਤੋਂ ਲਾਗੂ ਹੋ ਗਿਆ। ਪੋਰਟ ਮੈਨ ਬ੍ਰਿਜ ਦੀ ਹਫਤੇ ਵਿਚ ਪੰਜ ਵਾਰੀ ਵਰਤੋਂ ਕਰਨ ਵਾਲੇ ਡਰਾਈਵਰਾਂ ਲਈ ਸਲਾਨਾ ਬੱਚਤਾਂ ਸਾਲ ਵਿਚ 1,500 ਡਾਲਰ ਦੇ ਬਰਾਬਰ ਬਣਦੀਆਂ ਹਨ। ਕਮਰਸ਼ੀਅਲ ਟਰੱਕ ਦੇ ਡਰਾਈਵਰ ਲਈ ਸਲਾਨਾ 4,500 ਡਾਲਰ ਬਚਦੇ ਹਨ। ਇਨ੍ਹਾਂ ਬੱਚਤਾਂ ਦਾ ਮਤਲਬ ਹੈ ਕਿ ਹਰ ਰੋਜ਼ ਇਨ੍ਹਾਂ ਬ੍ਰਿਜਾਂ ਨੂੰ ਪਾਰ ਕਰਨ ਵਾਲੇ ਹਜ਼ਾਰਾਂ ਡਰਾਈਵਰਾਂ ਦੀਆਂ ਜੇਬਾਂ ਵਿਚ ਜ਼ਿਆਦਾ ਪੈਸੇ ਹੋਣਗੇ ਅਤੇ ਉਨ੍ਹਾਂ ਕੋਲ ਬ੍ਰਿਟਿਸ਼ ਕੋਲੰਬੀਆ ਦੇ ਕਾਰੋਬਾਰਾਂ ਵਿਚ ਇਨਵੈਸਟ ਕਰਨ ਲਈ ਵੀ ਵੱਧ ਪੈਸੇ ਹੋਣਗੇ।

ਔਸਤ ਡਰਾਈਵਰ ਲਈ ਸਲਾਨਾ ਬੱਚਤਾਂ → **1,500 ਡਾਲਰ**

ਕਮਰਸ਼ੀਅਲ ਟਰੱਕ ਡਰਾਈਵਰ ਲਈ ਸਲਾਨਾ ਬੱਚਤਾਂ → **4,500 ਡਾਲਰ**

1 ਜਨਵਰੀ, 2018 ਤੋਂ **ਐੱਮ ਐੱਸ ਪੀ ਪ੍ਰੀਮੀਅਮਜ਼** ਵਿਚ 50 ਪ੍ਰਤੀਸ਼ਤ ਤੱਕ ਕਟੌਤੀ ਕਰ ਦਿੱਤੀ ਜਾਵੇਗੀ। ਇਸ ਨਾਲ ਜੋੜਿਆਂ ਨੂੰ ਪ੍ਰਤੀ ਸਾਲ 900 ਡਾਲਰ ਤੱਕ ਬਚਣਗੇ, ਅਤੇ ਇਕੱਲਿਆਂ ਨੂੰ ਪ੍ਰਤੀ ਸਾਲ 450 ਡਾਲਰ ਤੱਕ ਬਚਣਗੇ। ਇਹ ਬੱਚਤਾਂ ਚਾਰ ਸਾਲਾਂ ਦੇ ਵਿਚ ਵਿਚ ਐੱਮ ਐੱਸ ਪੀ ਪ੍ਰੀਮੀਅਮਜ਼ ਨੂੰ ਖਤਮ ਕਰਨ ਵੱਲ ਸਾਡੀ ਸਰਕਾਰ ਦਾ ਪਹਿਲਾ ਕਦਮ ਹੈ। ਐੱਮ ਐੱਸ ਪੀ ਪ੍ਰੀਮੀਅਮਜ਼ ਵਰਗੀਆਂ ਦੁਖਦਾਈ ਫੀਸਾਂ ਪਰਿਵਾਰਾਂ ਲਈ ਮਹਿੰਗੀਆਂ ਹਨ ਅਤੇ ਇਨ੍ਹਾਂ ਨੂੰ ਉਗਰਾਹੁਣਾ ਵੀ ਮਹਿੰਗਾ ਹੈ। ਐੱਮ ਐੱਸ ਪੀ ਪ੍ਰੀਮੀਅਮਜ਼ ਨੂੰ ਖਤਮ ਕਰਨ ਦੇ ਵਧੀਆ ਤਰੀਕੇ ਅਤੇ ਉਸ ਆਮਦਨੀ ਦੀ ਪੂਰਤੀ ਲਈ ਸਰਕਾਰ ਨੂੰ ਸਲਾਹ ਦੇਣ ਲਈ ਅਸੀਂ ਐੱਮ ਐੱਸ ਪੀ ਟਾਸਕ ਫੋਰਸ ਵੀ ਬਣਾ ਰਹੇ ਹਾਂ।



ਐੱਮ ਐੱਸ ਪੀ ਪ੍ਰੀਮੀਅਮਜ਼ *2018 ਵਿਚ* **50%** ਤੱਕ ਘਟਾ ਦਿੱਤੇ ਜਾਣਗੇ।

## ਇਨਕਮ ਅਤੇ ਡਿਸਏਬਿਲਟੀ ਅਸਿਸਟੈਂਸ ਦੇ ਰੇਟ

**ਬਜਟ 2017 ਅਪਡੇਟ, ਇਨਕਮ ਅਤੇ ਡਿਸਏਬਿਲਟੀ ਅਸਿਸਟੈਂਸ ਦੇ ਰੇਟਾਂ ਵਿਚ ਪ੍ਰਤੀ ਮਹੀਨਾ 100 ਡਾਲਰ ਦੇ ਵਾਧੇ ਲਈ ਫੰਡ ਦਿੰਦਾ ਹੈ ਜਿਸ ਦਾ ਐਲਾਨ ਇਸ ਸਾਲ ਜੁਲਾਈ ਵਿਚ ਕੀਤਾ ਗਿਆ ਸੀ। ਇਹ ਵਾਧਾ ਅਕਤੂਬਰ 2017 ਤੋਂ ਲਾਗੂ ਹੋ ਰਿਹਾ ਹੈ ਅਤੇ ਇਹ 10 ਸਾਲਾਂ ਵਿਚ ਪਹਿਲਾ ਅਰਥਪੂਰਨ ਵਾਧਾ ਹੈ। ਗਰੀਬੀ ਇਕ ਗੁੰਝਲਦਾਰ ਮਾਮਲਾ ਹੈ ਅਤੇ ਅਸੀਂ ਜਾਣਦੇ ਹਾਂ ਕਿ ਹੋਰ ਕਈ ਕੁਝ ਕੀਤੇ ਜਾਣ ਦੀ ਲੋੜ ਹੈ। ਕਮਜ਼ੋਰ ਵਿਅਕਤੀਆਂ ਅਤੇ ਪਰਿਵਾਰਾਂ ਨੂੰ ਗਰੀਬੀ ਵਿੱਚੋਂ ਬਾਹਰ ਕੱਢਣ ਅਤੇ ਬੀ.ਸੀ. ਨੂੰ ਹਰ ਇਕ ਦੇ ਰਹਿਣ ਲਈ ਬਿਹਤਰ ਥਾਂ ਬਣਾਉਣ ਵਿਚ ਮਦਦ ਕਰਨ ਲਈ ਰੇਟਾਂ ਵਿਚ ਵਾਧਾ ਕਰਨਾ ਇਕ ਪਹਿਲਾ ਮਹੱਤਵਪੂਰਨ ਕਦਮ ਹੈ।**

**ਘਰਾਂ ਦੀ ਵਾਰਾ ਖਾਣ ਯੋਗਤਾ ਅਤੇ ਬੇਘਰਪੁਣੇ** ਦਾ ਹੱਲ ਕਰਨ ਲਈ ਸਰਕਾਰ ਦੀ ਲੰਮੇ ਸਮੇਂ ਦੀ ਪਲੈਨ ਦੇ ਪਹਿਲੇ ਕਦਮ ਇਸ ਬਜਟ ਅਪਡੇਟ ਵਿਚ ਚੁੱਕੇ ਜਾ ਰਹੇ ਹਨ:



- **ਸੂਬੇ ਭਰ ਵਿਚ ਘੱਟ ਤੋਂ ਦਰਮਿਆਨੀ ਆਮਦਨ ਵਾਲੇ ਕਿਰਾਏਦਾਰਾਂ, ਸੀਨੀਅਰਾਂ ਅਤੇ ਮਾਨਸਿਕ ਸਿਹਤ ਦੀਆਂ ਚੁਣੌਤੀਆਂ ਜਾਂ ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ ਵਾਲੇ ਬਾਲਗਾਂ ਦੀ ਮਦਦ ਕਰਨ ਲਈ ਕਿਰਾਏਦਾਰੀ ਦੇ 1,700 ਤੋਂ ਜ਼ਿਆਦਾ ਵਾਰਾ ਖਾਣ ਯੋਗ ਯੂਨਿਟ ਉਸਾਰਨ ਵਿਚ ਮਦਦ ਕਰਨ ਲਈ 200 ਮਿਲੀਅਨ ਡਾਲਰ ਤੋਂ ਜ਼ਿਆਦਾ ਦਾ ਪੂੰਜੀ-ਨਿਵੇਸ਼।**
- **2 ਸਾਲਾਂ ਦੇ ਸਮੇਂ ਦੌਰਾਨ 2,000 ਨਵੇਂ ਬਣੇ ਬਣਾਏ ਰਿਹਾਇਸ਼ੀ ਯੂਨਿਟ ਤਿਆਰ ਕਰਨ ਲਈ 290 ਮਿਲੀਅਨ ਤੋਂ ਜ਼ਿਆਦਾ ਡਾਲਰ ਅਤੇ ਉਨ੍ਹਾਂ ਨੂੰ ਚਲਾਉਣ ਅਤੇ ਦਿਨ ਦੇ 24 ਘੰਟੇ ਹਫਤੇ ਦੇ ਸੱਤੇ ਦਿਨ ਸਟਾਫ ਅਤੇ ਸਹਾਇਤਾ ਸੇਵਾਵਾਂ ਪ੍ਰਦਾਨ ਕਰਨ ਲਈ ਤਿੰਨ ਸਾਲਾਂ ਦੇ ਸਮੇਂ ਦੌਰਾਨ 170 ਮਿਲੀਅਨ ਤੋਂ ਜ਼ਿਆਦਾ ਡਾਲਰ।**

ਇਹ ਮੁਢਲੀਆਂ ਇਨਵੈਸਟਮੈਂਟਾਂ ਇਕ ਵਿਆਪਕ ਰਿਹਾਇਸ਼ੀ ਜੁਗਤ ਤਿਆਰ ਕਰਨ ਵਿਚ ਮਦਦ ਕਰਨਗੀਆਂ ਜਿਸ ਵਿਚ ਰਿਹਾਇਸ਼ਾਂ ਦੀ ਵਾਰਾ ਖਾਣ ਯੋਗਤਾ ਸੁਧਾਰਨ ਲਈ ਫੈਡਰਲ ਅਤੇ ਮਿਊਂਸਪਲ ਸਰਕਾਰਾਂ, ਫਸਟ ਨੇਸ਼ਨਜ਼, ਡਿਵੈਲਪਰ, ਅਤੇ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀਆਂ ਐਸੋਸੀਏਸ਼ਨਾਂ ਹਿੱਸੇਦਾਰ ਬਣਨਗੀਆਂ।

# ਸੇਵਾਵਾਂ ਨੂੰ ਸੁਧਾਰਨਾ

ਵਧ ਰਹੀ ਇਕੋਨਮੀ ਵਿਚ ਲੋਕਾਂ ਵਲੋਂ ਆਪਣੇ ਹੁਨਰਾਂ ਦਾ ਯੋਗਦਾਨ ਪਾਉਣ ਲਈ, ਕੰਮ ਕਰਦੇ ਪਰਿਵਾਰਾਂ ਦੇ ਬੱਚਿਆਂ ਲਈ ਸੰਭਾਲ ਦੀਆਂ ਪਹੁੰਚ ਕਰਨ ਯੋਗ ਅਤੇ ਵਾਰਾ ਖਾਣ ਯੋਗ ਸੇਵਾਵਾਂ ਪ੍ਰਦਾਨ ਕਰਨਾ ਇਕ ਵਧੀਆ ਇਨਵੈਸਟਮੈਂਟ ਹੈ।

ਬਜਟ 2017 ਅਪਡੇਟ, ਸਾਲ 2017/18 ਵਿਚ **ਨਵੀਂਆਂ ਚਾਇਲਡ ਕੇਅਰ ਇਨਵੈਸਟਮੈਂਟਾਂ** ਲਈ 20 ਮਿਲੀਅਨ ਡਾਲਰ ਪ੍ਰਦਾਨ ਕਰਦਾ ਹੈ। ਇਹ ਫੰਡ ਇਸ ਸਾਲ ਅਗੇਤੇ ਬਚਪਨ ਦੇ ਵਿਕਾਸ ਅਤੇ ਚਾਇਲਡ ਕੇਅਰ ’ਤੇ ਸਾਡੇ ਖਰਚੇ ਨੂੰ 330 ਮਿਲੀਅਨ ਡਾਲਰ ਤੱਕ ਵਧਾਏਗਾ ਅਤੇ ਇਹ 4,000 ਤੋਂ ਜ਼ਿਆਦਾ ਨਵੀਂਆਂ ਚਾਇਲਡ ਕੇਅਰ ਸੀਟਾਂ ਦੀ ਮਦਦ ਕਰੇਗਾ।

ਇਸ ਦੇ ਨਾਲ ਹੀ, ਸਤੰਬਰ 2017 ਤੋਂ, **ਹੈਲਥੀ ਕਿਡਜ਼ ਪ੍ਰੋਗਰਾਮ** ਦੰਦਾਂ ਦੇ ਇਲਾਜ ਦੇ ਸੁਧਰੇ ਰੇਟਾਂ ਨਾਲ ਘੱਟ ਆਮਦਨ ਵਾਲੇ ਪਰਿਵਾਰਾਂ ਦੀ ਮਦਦ ਕਰੇਗਾ ਅਤੇ ਸੁਣਨ ਵਿਚ ਮਦਦ ਕਰਨ ਵਾਲੇ ਯੰਤਰਾਂ ਨੂੰ ਵੀ ਕਵਰ ਕਰਕੇ ਸੇਵਾਵਾਂ ਨੂੰ ਵਧਾਏਗਾ।

ਫੈਡਰਲ-ਬੀ.ਸੀ. ਦੇ ਇਕ ਐਗਰੀਮੈਂਟ ਰਾਹੀਂ ਤਿੰਨ ਸਾਲਾਂ ਦੇ ਸਮੇਂ ਦੌਰਾਨ 189 ਮਿਲੀਅਨ ਡਾਲਰ ਦੀ ਇਕ ਨਵੀਂ ਇਨਵੈਸਟਮੈਂਟ, ਘਰ ਵਿਚ ਅਤੇ ਰੈਜ਼ੀਡੈਂਸ਼ਲ ਕੇਅਰ ਵਿਚ ਬਿਹਤਰ ਸੰਭਾਲ ਨਾਲ ਸਾਡੇ ਸੀਨੀਅਰਾਂ ਦੀ ਮਦਦ ਕਰੇਗੀ।

ਸੇਵਾਵਾਂ ਵਿਚ ਸੁਧਾਰ ਕਰਨ ਲਈ ਇਹ ਪਹਿਲੇ ਕਦਮ ਹਨ ਤਾਂ ਜੋ ਜ਼ਿਆਦਾ ਲੋੜਵੰਦ ਬ੍ਰਿਟਿਸ਼ ਕੋਲੰਬੀਅਨਾਂ ਨੂੰ ਆਪਣੀ ਪੂਰੀ ਸਮਰੱਥਾ ਤੱਕ ਪਹੁੰਚਣ ਦੇ ਮੌਕੇ ਮਿਲਣ।

**ਰੈਜ਼ੀਡੈਂਸ਼ਲ ਟੈਨੇਸੀ ਬਰਾਂਚ** ਨੂੰ ਅਗਲੇ ਤਿੰਨ ਸਾਲਾਂ ਵਿਚ 7 ਮਿਲੀਅਨ ਤੋਂ ਜ਼ਿਆਦਾ ਹੋਰ ਡਾਲਰ ਮਿਲਣਗੇ ਤਾਂ ਜੋ ਇਹ ਪੱਕਾ ਹੋਵੇ ਕਿ ਕਿਰਾਏਦਾਰਾਂ ਨਾਲ ਵਾਜਬ ਵਰਤਾਉ ਹੋ ਰਿਹਾ ਹੈ। ਸੂਬੇ ਭਰ ਵਿਚ ਕਿਰਾਏ ਲਈ ਉਪਲਬਧ ਰਿਹਾਇਸ਼ਾਂ ਦੇ ਘੱਟ ਹੋਣ ਕਰਕੇ, ਬਰਾਂਚ ਨੂੰ ਇਹ ਪੱਕਾ ਕਰਨ ਲਈ ਵਾਧੂ ਵਸੀਲਿਆਂ ਦੀ ਲੋੜ ਹੈ ਕਿ ਕਿਰਾਏਦਾਰ ਅਤੇ ਲੈਂਡਲਾਰਡ ਦੋਨੋਂ ਆਪਣੇ ਹੱਕਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਦੇ ਹਨ। ਇਹ ਫੰਡ ਸਰਵਿਸ ਲਈ ਉਡੀਕ ਸਮਿਆਂ ਨੂੰ ਘਟਾਉਣ ਅਤੇ ਹੁਕਮ ਦੀ ਤਾਮੀਲ ਕਰਵਾਉਣ ਲਈ ਇਕ ਨਵਾਂ ਯੂਨਿਟ ਸਥਾਪਤ ਕਰਨ ਲਈ ਹਨ।


## ਫੈਂਟਾਨਲ ਐਮਰਜੰਸੀ

ਫੈਂਟਾਨਲ ਸੰਕਟ ਦੀ ਮਨੁੱਖੀ ਅਤੇ ਸਮਾਜਿਕ ਲਾਗਤ ਵਧਦੀ ਜਾ ਰਹੀ ਹੈ ਕਿਉਂਕਿ ਰੋਕਣਯੋਗ ਨਸ਼ਿਆਂ ਦੀਆਂ ਓਵਰਡੋਜ਼ਾਂ ਕਰਕੇ ਜ਼ਿਆਦਾ ਜ਼ਿੰਦਗੀਆਂ ਖਤਮ ਹੋ ਰਹੀਆਂ ਹਨ। ਮਾਨਸਿਕ ਸਿਹਤ ਅਤੇ ਨਸ਼ਿਆਂ ਦੀਆਂ ਸੇਵਾਵਾਂ ਵਿਚ ਸੁਧਾਰ ਕਰਨ ਲਈ ਸਾਡੀ ਸਰਕਾਰ ਇਕ ਵਿਸ਼ਾਲ ਪਲੈਨ ’ਤੇ ਕੰਮ ਕਰ ਰਹੀ ਹੈ। ਇਸ ਪਲੈਨ ਲਈ ਫੰਡਿੰਗ ਇਸ ਬਜਟ ਅਪਡੇਟ ਵਿਚ 322 ਮਿਲੀਅਨ ਡਾਲਰ ਦੀ ਇਨਵੈਸਟਮੈਂਟ ਨਾਲ ਸ਼ੁਰੂ ਹੁੰਦੀ ਹੈ। ਇਹ ਫੰਡਿੰਗ ਹੈਲਥ ਅਥਾਰਟੀਆਂ ਨੂੰ ਰੋਕਥਾਮ, ਅਗੇਤੀ ਦਖਲਅੰਦਾਜ਼ੀ, ਇਲਾਜ ਅਤੇ ਰਿਕਵਰੀ ਦੇ ਯਤਨਾਂ ਲਈ ਫੌਰਨ ਭੇਜੀ ਜਾ ਰਹੀ ਹੈ। ਇਹ ਇਨਵੈਸਟਮੈਂਟ ਮੈਂਟਲ ਹੈਲਥ ਐਂਡ ਅਡਿਕਸ਼ਨਜ਼ ਦੀ ਇਕ ਨਵੀਂ ਮਨਿਸਟਰੀ ਦੀ ਵੀ ਮਦਦ ਕਰਦੀ ਹੈ ਅਤੇ ਇਸ ਸੰਕਟ ਨਾਲ ਸਿੱਝਣ ਵਿਚ ਮਦਦ ਲਈ ਮਨਿਸਟਰੀ ਔਫ ਪਬਲਿਕ ਸੇਫਟੀ ਐਂਡ ਸੋਲਿਸਟਰ ਜਨਰਲ ਨੂੰ ਵਾਧੂ ਵਸੀਲੇ ਦਿੰਦੀ ਹੈ।



## ਕਿੰਡਰਗਾਰਟਨ ਤੋਂ ਗਰੇਡ 12

ਸਾਡਾ ਕਿੰਡਰਗਾਰਟਨ ਤੋਂ ਗਰੇਡ 12 ਤੱਕ ਦਾ ਪੜ੍ਹਾਈ ਦਾ ਸਿਸਟਮ ਇਕ ਬੁਨਿਆਦੀ ਸਰਵਿਸ ਹੈ ਜਿਸ ਨੂੰ ਤੁਹਾਡੇ ਬੱਚਿਆਂ ਦੀ ਕਾਮਯਾਬੀ ਵਿਚ ਮਦਦ ਲਈ ਲਗਾਤਾਰ ਇਨਵੈਸਟਮੈਂਟ ਦੀ ਲੋੜ ਹੈ। ਅਗਲੇ ਤਿੰਨ ਸਾਲਾਂ ਦੌਰਾਨ ਮਨਿਸਟਰੀ ਔਫ ਐਜੂਕੇਸ਼ਨ ਦੇ ਬਜਟ ਵਿਚ 681 ਮਿਲੀਅਨ ਡਾਲਰ ਦੇ ਵਾਧੇ ਨਾਲ, ਸੂਬਾ ਇਹ ਯਕੀਨੀ ਬਣਾ ਰਿਹਾ ਹੈ ਕਿ ਸਾਡੇ ਸਕੂਲ ਕਾਮਯਾਬੀ ਲਈ ਬਣੇ ਹਨ। ਇਹ ਫੰਡ 3,500 ਹੋਰ ਟੀਚਰ ਰੱਖੇ ਜਾਣ ਦਾ ਪ੍ਰਬੰਧ ਕਰਦੇ ਹਨ ਅਤੇ ਨਵੇਂ ਟੀਚਰਾਂ ਅਤੇ ਵਿਦਿਆਰਥੀਆਂ ਲਈ ਲੋੜੀਂਦੀ ਥਾਂ ਉਸਾਰਨ ਲਈ ਪੂੰਜੀ-ਨਿਵੇਸ਼ ਹਨ। ਇਸ ਇਨਵੈਸਟਮੈਂਟ ਦਾ ਮਤਲਬ ਹੈ ਕਿ ਜਦੋਂ ਤੁਹਾਡੇ ਬੱਚੇ ਸਕੂਲ ਜਾਣ ਤਾਂ ਉਨ੍ਹਾਂ ਕੋਲ ਟੀਚਰ ਅਤੇ ਉਹ ਮਦਦਾਂ ਹੋਣ ਜਿਨ੍ਹਾਂ ਦੀ ਉਨ੍ਹਾਂ ਨੂੰ ਲੋੜ ਹੈ।



# ਮਜ਼ਬੂਤ, ਬਰਕਰਾਰ ਰਹਿਣ ਯੋਗ ਇਕੌਨਮੀ ਉਸਾਰਨਾ

ਲੋਕਾਂ ਵਿਚ ਪੂੰਜੀ-ਨਿਵੇਸ਼ ਬਰਕਰਾਰ ਰਹਿਣ ਯੋਗ ਇਕੌਨਮੀ ਵਿਚ ਪੂੰਜੀ-ਨਿਵੇਸ਼ ਹਨ। ਇਸ ਕਰਕੇ ਹੀ **ਬਾਲਗਾਂ ਦੀ ਮੁਢਲੀ ਸਿੱਖਿਆ ਅਤੇ ਅੰਗਰੇਜ਼ੀ ਜ਼ਬਾਨ ਸਿੱਖਣ** ਲਈ ਮੁਫਤ ਪੜ੍ਹਾਈ ਨੂੰ ਦੁਬਾਰਾ ਬਹਾਲ ਕਰਨਾ, ਲੋਕਾਂ ਦੀ ਮੌਕਿਆਂ ਤੱਕ ਪਹੁੰਚ ਕਰਨ ਲਈ ਆਪਣੇ ਹੁਨਰ ਸੁਧਾਰਨ ਵਿਚ ਮਦਦ ਕਰੇਗਾ। ਬਜਟ 2017 ਅਪਡੇਟ, ਹੁਨਰਾਂ ਦੀ ਅਪਗਰੇਡਿੰਗ ਲਈ ਮਾਇਕ ਰੁਕਾਵਟਾਂ ਨੂੰ ਖਤਮ ਕਰਨ ਲਈ ਮਨਿਸਟਰੀ ਔਫ ਅਡਵਾਂਸਡ ਐਜੂਕੇਸ਼ਨ, ਸਕਿਲਜ਼ ਐਂਡ ਟਰੇਨਿੰਗ ਨੂੰ 19 ਮਿਲੀਅਨ ਡਾਲਰ ਦਿੰਦਾ ਹੈ।


## ਬੀ.ਸੀ. ਦੇ ਜੰਗਲਾਂ ਵਿਚ ਅੱਗਾਂ

**ਇਸ ਸਾਲ ਬੀ.ਸੀ. ਨੂੰ ਸੂਬੇ ਦੇ ਇਤਿਹਾਸ ਵਿਚ ਸਭ ਤੋਂ ਬਦਤਰ ਜੰਗਲੀ ਅੱਗਾਂ ਦਾ ਸਾਹਮਣਾ ਕਰਨਾ ਪਿਆ, ਜੋ ਕਿ ਜੰਗਲਾਂ ਦਾ ਇਕ ਮਿਲੀਅਨ ਹੈਕਟੇਅਰ ਨਾਲੋਂ ਵੀ ਜ਼ਿਆਦਾ ਰਕਬਾ ਨਸ਼ਟ ਕਰ ਗਈਆਂ। ਜਿਵੇਂ ਅਸੀਂ ਮਦਦ ਲਈ *100* ਮਿਲੀਅਨ ਡਾਲਰ ਦੇ ਕੇ ਪ੍ਰਭਾਵਿਤ ਇਲਾਕਿਆਂ ਦੀ ਠੀਕ ਹੋਣ ਦੇ ਕਾਰਜ ਵਿਚ ਮਦਦ ਕਰ ਰਹੇ ਹਾਂ, ਅਸੀਂ ਭਵਿੱਖ ਵਿਚ ਜੰਗਲੀ ਅੱਗਾਂ ਨਾਲ ਸਿੱਝਣ ਦੇ ਬੁਨਿਆਦੀ ਢਾਂਚੇ ਨੂੰ ਅਪਗਰੇਡ ਕਰਨ ਲਈ ਵੀ *15* ਮਿਲੀਅਨ ਡਾਲਰ ਦੇ ਰਹੇ ਹਾਂ, ਜਿਸ ਵਿਚ ਬਿਲਡਿੰਗਾਂ, ਟਰੇਲਰ ਅਤੇ ਏਅਰ ਟੈਂਕਰ ਬੇਸ ਵੀ ਸ਼ਾਮਲ ਹਨ। ਇਸ ਦੇ ਨਾਲ ਹੀ, ਇਹ ਬਜਟ ਕਮਿਊਨਟੀਆਂ ਦੀ ਜੰਗਲੀ ਅੱਗਾਂ ਤੋਂ ਰੱਖਿਆ ਕਰਨ ਲਈ ਅਜਿਹੇ ਪ੍ਰੋਜੈਕਟਾਂ ਵਿਚ *140* ਮਿਲੀਅਨ ਡਾਲਰ ਦਾ ਪੂੰਜੀ-ਨਿਵੇਸ਼ ਵੀ ਕਰ ਰਿਹਾ ਹੈ ਜੋ ਕਿ ਜੰਗਲੀ ਅੱਗਾਂ ਦੇ ਖਤਰੇ ਨੂੰ ਘਟਾਉਣ, ਮੁੜ ਪੌਦੇ ਲਾਉਣ, ਜੰਗਲੀ ਜੀਵਾਂ ਦੀ ਵਾਪਸੀ, ਅਤੇ ਫਾਇਰ ਸਮਾਰਟ ਪ੍ਰੋਗਰਾਮ ਰਾਹੀਂ ਜਾਗਰੂਕਤਾ ਵਧਾਉਣ 'ਤੇ ਕੇਂਦਰਿਤ ਹਨ।**

## ਬੁਨਿਆਦੀ ਢਾਂਚੇ 'ਤੇ ਖਰਚ

ਤਿੰਨ ਸਾਲਾਂ ਵਿਚ ਟੈਕਸ ਦੇਣ ਵਾਲਿਆਂ ਦੀ ਮਦਦ ਨਾਲ ਹੋਣ ਵਾਲਾ ਖਰਚਾ:

**14.6 ਬਿਲੀਅਨ ਡਾਲਰ**




ਛੋਟੇ ਬਿਜ਼ਨਸ ਬੀ.ਸੀ. ਦੀ ਇਕੌਨਮੀ ਦਾ ਇਕ ਬਹੁਤ ਹੀ ਮਹੱਤਵਪੂਰਨ ਹਿੱਸਾ ਹਨ, ਜੋ ਕਿ ਸੂਬੇ ਭਰ ਵਿਚ ਜੌਬਾਂ ਪ੍ਰਦਾਨ ਕਰਦੇ ਹਨ ਅਤੇ ਸਾਡੇ ਲੰਬੇ ਸਮੇਂ ਦੇ ਵਾਧੇ ਵਿਚ ਹਿੱਸਾ ਪਾਉਂਦੇ ਹਨ। ਅਸੀਂ **ਸਮਾਲ ਬਿਜ਼ਨਸ ਕਾਰਪੋਰੇਟ ਇਨਕਮ ਟੈਕਸ ਦੇ ਰੇਟ ਨੂੰ 2.5% ਤੋਂ 2% ਕਰਕੇ** ਛੋਟੇ ਬਿਜ਼ਨਸਾਂ ਦੀ ਹੋਰ ਵੀ ਮਦਦ ਕਰ ਰਹੇ ਹਾਂ। ਇਸ ਨਾਲ ਬਿਜ਼ਨਸ ਮਾਲਕ ਇਨ੍ਹਾਂ ਡਾਲਰਾਂ ਨੂੰ ਦੁਬਾਰਾ ਇਨਵੈਸਟ ਕਰਦੇ ਹਨ, ਹੋਰ ਜੌਬਾਂ ਪੈਦਾ ਕਰਦੇ ਹਨ ਅਤੇ ਆਪਣੇ ਕਾਰੋਬਾਰਾਂ ਨੂੰ ਵਧਾਉਣਾ ਜਾਰੀ ਰੱਖਦੇ ਹਨ। ਇਸ ਤਬਦੀਲੀ ਨਾਲ, ਬੀ.ਸੀ. ਦਾ ਸਮਾਲ ਬਿਜ਼ਨਸ ਰੇਟ ਕੈਨੇਡਾ ਵਿਚ ਦੂਜਾ-ਸਭ ਤੋਂ ਘੱਟ ਰੇਟ ਹੋ ਗਿਆ ਹੈ।

ਬਿਜ਼ਨਸਾਂ ਨੂੰ ਮੁਕਾਬਲਾਕਾਰੀ ਰੱਖਣ ਵਿਚ ਮਦਦ ਕਰਨ ਲਈ, ਸਰਕਾਰ **ਬਿਜ਼ਨਸਾਂ ਲਈ ਬਿਜਲੀ 'ਤੇ ਪੀ ਐੱਸ ਟੀ ਨੂੰ ਪੜਾਵਾਂ ਵਿਚ** ਖਤਮ ਕਰ ਰਹੀ ਹੈ ਤਾਂ ਜੋ ਉਹ ਬੀ.ਸੀ. ਭਰ ਵਿਚ ਚੰਗੀਆਂ ਜੌਬਾਂ ਪੈਦਾ ਕਰ ਸਕਣ।

ਬਜਟ 2017 ਅਪਡੇਟ ਨਾਲ ਸੋਸ਼ਲ ਅਸਿਸਟੈਂਸ ਲੈ ਰਹੇ ਸਾਰੇ ਲੋਕਾਂ ਲਈ **ਕਮਾਈ ਦੀ ਛੋਟ** ਵਿਚ ਹਰ ਮਹੀਨੇ ਲਈ 200 ਡਾਲਰ ਦਾ ਵਾਧਾ ਹੋਵੇਗਾ। ਇਹ ਵਾਧਾ ਅਸਿਸਟੈਂਸ ਲੈ ਰਹੇ ਉਨ੍ਹਾਂ ਲੋਕਾਂ ਦੀ ਮਦਦ ਕਰੇਗਾ ਜਿਹੜੇ ਵਾਧੂ ਪੈਸੇ ਕਮਾ ਕੇ ਕੰਮ ਦੀ ਦੁਨੀਆ ਵਿਚ ਦੁਬਾਰਾ ਦਾਖਲ ਹੋਣਾ ਚਾਹੁੰਦੇ ਹਨ। ਗਰੀਬੀ ਘਟਾਉਣ ਦੀ ਵਿਆਪਕ ਪਲੈਨ ਵੱਲ ਇਹ ਇਕ ਪਹਿਲਾ ਕਦਮ ਹੈ।

ਸਰਕਾਰ ਅਜਿਹੇ ਤਿੰਨ ਉੱਦਮਾਂ ਲਈ **5 ਮਿਲੀਅਨ ਡਾਲਰ** ਦੇਣ ਲਈ ਵੀ ਵਚਨਬੱਧ ਹੋ ਰਹੀ ਹੈ ਜਿਹੜੇ ਮਾਡਰਨ ਇਕੌਨਮੀ ਲਈ ਬੀ.ਸੀ. ਵਿਚ ਬਣਨ ਵਾਲੇ ਰਾਹ ਲਈ ਨੀਂਹ ਰੱਖਣ ਵਿਚ ਮਦਦ ਕਰਨਗੇ ਜੋ ਕਿ ਨਿਰਪੱਖਤਾ ਅਤੇ ਬਰਕਰਾਰ ਰਹਿਣ ਯੋਗ ਨੌਕਰੀਆਂ ਦੇ ਵਾਧੇ ਨੂੰ ਆਧਾਰ ਬਣਾਉਣਗੇ।

- **ਇਕ ਨਵਾਂ ਨਿਯੁਕਤ ਕੀਤਾ ਗਿਆ ਇਨੋਵੇਸ਼ਨ ਕਮਿਸ਼ਨਰ ਟੈਕਨੋਲੋਜੀ ਸੈਕਟਰ ਵਿਚ ਨਵੀਨਤਾ ਦਾ ਹਿਮਾਇਤੀ ਹੋਵੇਗਾ।**
- **ਇਮਰਜਿੰਗ ਇਕੌਨਮੀ ਟਾਸਕ ਫੋਰਸ ਇਹ ਦੇਖੇਗੀ ਕਿ ਅਗਲੇ *10* ਤੋਂ *25* ਸਾਲਾਂ ਦੌਰਾਨ ਬਿਜ਼ਨਸ ਦੀ ਬਦਲ ਰਹੀ ਤਬੀਅਤ ਦਾ ਲਾਭ ਕਿਵੇਂ ਉਠਾਉਣਾ ਹੈ।**
- **ਫੇਅਰ ਵੇਜ ਕਮਿਸ਼ਨ ਬੀ.ਸੀ. ਦੀ *15* ਡਾਲਰ ਪ੍ਰਤੀ ਘੰਟੇ ਦੀ ਘੱਟੋ ਘੱਟ ਤਨਖਾਹ ਵੱਲ ਤਬਦੀਲੀ ਵਿਚ ਮਦਦ ਕਰੇਗਾ।**

ਬਜਟ 1 ਅਪਰੈਲ, 2018 ਤੋਂ ਕਾਰਬਨ ਟੈਕਸ 5 ਡਾਲਰ ਪ੍ਰਤੀ ਟਨ ਵਧਾ ਰਿਹਾ ਹੈ ਅਤੇ ਇਸ ਸਮੇਂ ਘੱਟ ਅਤੇ ਦਰਮਿਆਨੀ ਆਮਦਨ ਵਾਲੇ ਪਰਿਵਾਰਾਂ ਦੀ ਮਦਦ ਕਰਨ ਲਈ ਕਲਾਈਮੇਟ ਐਕਸ਼ਨ ਟੈਕਸ ਕਰੈਡਿਟ ਨੂੰ ਵੀ ਵਧਾ ਰਿਹਾ ਹੈ। ਅਸੀਂ ਕਾਰਬਨ ਟੈਕਸ ਦੀ ਆਮਦਨੀ ਨਿਰਪੱਖ (ਰੈਵੇਨਿਊ ਨਿਊਟਰਲ) ਹੋਣ ਦੀ ਸ਼ਰਤ ਵੀ ਖਤਮ ਕਰ ਰਹੇ ਹਾਂ ਤਾਂ ਜੋ ਅਸੀਂ ਕਾਰਬਨ ਟੈਕਸ ਦੀ ਆਮਦਨੀ ਨੂੰ ਪਰਿਵਾਰਾਂ ਦੀ ਮਦਦ ਕਰਨ ਲਈ ਵਰਤ ਸਕੀਏ ਅਤੇ ਜਲਵਾਯੂ ਲਈ ਚੁੱਕੇ ਜਾਣ ਵਾਲੇ ਆਪਣੇ ਕਦਮਾਂ ਦੀ ਵਚਨਬੱਧਤਾ ਲਈ ਗਰੀਨ ਉੱਦਮਾਂ ਲਈ ਫੰਡ ਦੇ ਸਕੀਏ।

ਜ਼ਿਆਦਾ ਜਾਣਕਾਰੀ ਲਈ ਸਾਡੇ ਵੈੱਬਸਾਈਟ 'ਤੇ ਜਾਉ:

**ਬਜਟ 2017 ਦੇ ਵੇਰਵੇ:**
www.bcbudget.ca

**ਮਨਿਸਟਰੀ ਔਫ ਫਾਇਨੈਂਸ:**
www.gov.bc.ca/fin